BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਟ੍ਰਾਂਜ਼ਿਟ ਦੇ ਪ੍ਰਮਾਣਿਤ ਕੋਵਿਡ-19 ਕੇਸ ਬਾਰੇ ਸਿਟੀ ਆਫ ਬ੍ਰੈਂਪਟਨ ਦਾ ਬਿਆਨ

ਬ੍ਰੈਂਪਟਨ, ਓਨਟੈਰੀਓ (24 ਜੂਨ, 2020) – ਅੱਜ, ਸਿਟੀ ਆਫ ਬ੍ਰੈਂਪਟਨ ਨੂੰ ਸੂਚਨਾ ਦਿੱਤੀ ਗਈ ਕਿ ਇਸਦੀ ਸੈਂਡਲਵੁੱਡ ਫੈਸੀਲਿਟੀ (Sandalwood Facility) ਦੇ ਇੱਕ ਟ੍ਰਾਂਜ਼ਿਟ ਓਪਰੇਟਰ (Transit Operator) ਦੀ ਕੋਵਿਡ-19 (COVID-19) ਦੀ ਜਾਂਚ ਪਾਜ਼ਿਟਿਵ ਆਈ ਹੈ।

ਜਿਵੇਂ ਹੀ ਸਿਟੀ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ, ਸਟਾਫ਼ ਨੇ ਤੁਰੰਤ ਪੀਲ ਪਬਲਿਕ ਹੈਲਥ (Peel Public Health) ਨੂੰ ਸੰਪਰਕ ਕੀਤਾ।

ਪ੍ਰਭਾਵਿਤ ਓਪਰੇਟਰ ਨੇ ਅੱਜ ਸਵੇਰੇ 502 ਜ਼ੂਮ ਮੇਨ (502 Züm Main) ਰੂਟ ਤੇ ਅਤੇ ਕੱਲ੍ਹ, 23 ਜੂਨ ਨੂੰ ਹੇਠਾਂ ਲਿਖੇ ਰੂਟਾਂ ਤੇ ਕੰਮ ਕੀਤਾ ਸੀ:

- ਰੂਟ 502 ਜ਼ੂਮ ਮੇਨ (Route 502 Züm Main)
- ਰੂਟ 511 ਜ਼ੂਮ ਸਟੀਲਸ (Route 511 Züm Steeles)
- ਰੂਟ 4 ਚਿੰਗਕੂਜ਼ੀ (Route 4 Chinguacousy)

ਓਪਰੇਟਰ 14 ਦਿਨਾਂ ਤੱਕ ਖੁਦ ਨੂੰ ਦੂਜਿਆਂ ਤੋਂ ਵੱਖਰਾ ਰੱਖੇਗਾ। ਇਸ ਸਮੇਂ, ਸਿਟੀ ਦੀ ਤਰਜੀਹ, ਪ੍ਰਭਾਵਿਤ ਵਿਅਕਤੀ ਅਤੇ ਉਸਦੇ ਪਰਿਵਾਰ ਨੂੰ ਸਹਿਯੋਗ ਪ੍ਰਦਾਨ ਕਰਨਾ ਅਤੇ ਸਾਡੇ ਕਰਮਚਾਰੀਆਂ, ਸਵਾਰੀਆਂ ਅਤੇ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਕਾਇਮ ਰੱਖਣ ਵਿੱਚ ਲਗਾਤਾਰ ਮਦਦ ਕਰਨਾ ਹੈ।

ਜਿਹਨਾਂ ਲੋਕਾਂ ਨੇ ਉਪਰੋਕਤ ਦਿਨਾਂ ਨੂੰ ਇਹਨਾਂ ਬੱਸਾਂ ਤੇ ਸਫ਼ਰ ਕੀਤਾ, ਜੇਕਰ ਉਹਨਾਂ ਨੂੰ ਕੋਈ ਲੱਛਣ ਨਹੀਂ ਹਨ ਅਤੇ ਉਹ ਬਿਲਕੁੱਲ ਠੀਕ ਹਨ, ਤਾਂ ਉਹ ਆਪਣੇ ਰੋਜ਼ਾਨਾ ਦੇ ਨਿੱਤਨੇਮ ਨੂੰ ਜਾਰੀ ਰੱਖ ਸਕਦੇ ਹਨ। ਉਹ ਪਬਲਿਕ ਹੈਲਥ ਨੂੰ ਫੋਨ ਨਾ ਕਰਨ। ਜਿਹਨਾਂ ਲੋਕਾਂ ਨੂੰ ਕੋਈ ਲੱਛਣ ਪੈਦਾ ਹੋਣ, ਉਹਨਾਂ ਨੂੰ ਪਬਲਿਕ ਹੈਲਥ ਨੂੰ ਫੋਨ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਜੇਕਰ ਤੁਹਾਨੂੰ ਐਮਰਜੈਂਸੀ ਡਾਕਟਰੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 911 ਤੇ ਫੋਨ ਕਰੋ।

ਪੀਲ ਪਬਲਿਕ ਹੈਲਥ ਇਹ ਵੀ ਸੂਚਿਤ ਕਰਦਾ ਹੈ ਕਿ ਪਬਲਿਕ ਟ੍ਰਾਂਜ਼ਿਟ ਬੱਸ ਤੇ ਸਵਾਰੀਆਂ ਨੂੰ ਸਿਰਫ਼ ਓਨਾ ਹੀ ਜੋਖਮ ਹੈ, ਜਿੰਨਾ ਆਮ ਭਾਈਚਾਰੇ ਵਿੱਚ ਹੋਣ ਤੋਂ ਹੈ। ਇਸਦੇ ਇਲਾਵਾ ਉਹਨਾਂ ਨੂੰ ਕੋਈ ਵਾਧੂ ਜੋਖਮ ਨਹੀਂ ਹੈ।

ਪਿਛਲੇ ਮਹੀਨੇ, ਸਿਟੀ ਆਫ ਬ੍ਰੈਂਪਟਨ ਨੇ ਸਾਰੇ ਕਰਮਚਾਰੀਆਂ ਨੂੰ ਆਪਣੀ ਲੋਕਲ ਹੈਲਥ ਯੂਨਿਟ (ਸਥਾਨਕ ਸਿਹਤ ਯੂਨਿਟ) ਤੋਂ ਕੋਵਿਡ-19 ਸਬੰਧੀ ਟੈਸਟਿੰਗ ਕਰਵਾਉਣ ਲਈ ਆਖਿਆ ਸੀ। ਇਹ ਬੇਨਤੀ, ਓਨਟੈਰੀਓ ਸਰਕਾਰ ਦੇ ਵਾਧੂ ਟੈਸਟਿੰਗ ਪ੍ਰਦਾਨ ਕਰਨ ਅਤੇ ਹਰੇਕ ਵਿਅਕਤੀ ਦੀ ਤੁਰੰਤ ਟੈਸਟਿੰਗ ਸ਼ੁਰੂ ਕਰਨ ਦੇ ਫੈਸਲੇ ਤੋਂ ਬਾਅਦ ਕੀਤੀ ਗਈ ਸੀ।

ਆਉਣ ਵਾਲੇ ਹਫ਼ਤਿਆਂ ਵਿੱਚ, ਬ੍ਰੈਂਪਟਨ ਟ੍ਰਾਂਜ਼ਿਟ, ਆਪਣੀਆਂ ਫੈਸਿਲਿਟੀਜ ਵਿਖੇ ਔਨ-ਸਾਈਟ ਟੈਸਟਿੰਗ ਪ੍ਰਦਾਨ ਕਰੇਗਾ ਅਤੇ ਸਾਰੇ ਕਰਮਚਾਰੀਆਂ ਨੂੰ ਲੱਛਣ ਹੋਣ ਤੋਂ ਪਹਿਲਾਂ ਹੀ ਟੈਸਟਿੰਗ ਕਰਵਾਉਣ ਦੀ ਸਲਾਹ ਦੇਣਾ ਜਾਰੀ ਰੱਖੇਗਾ।

ਜਿਵੇਂ ਕਿ ਸਿਟੀ ਹੌਲੀ-ਹੌਲੀ ਦੁਬਾਰਾ ਖੁੱਲ ਰਹੀ ਹੈ, ਇਹ ਕੋਵਿਡ-19 ਨੂੰ ਫੈਲਣ ਤੋਂ ਰੋਕਣ ਦੇ ਯਤਨ ਕਰਦੇ ਹੋਏ, ਕਰਮਚਾਰੀਆਂ, ਸਵਾਰੀਆਂ ਅਤੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ, ਹਰ ਜ਼ਰੂਰੀ ਕਦਮ ਚੁੱਕ ਰਹੀ ਹੈ।

ਬ੍ਰੈਂਪਟਨ ਟ੍ਰਾਂਜ਼ਿਟ ਲਈ ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਟਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਸਮੇਂ, ਬੱਸਾਂ ਨੂੰ ਹਰ 24 ਘੰਟਿਆਂ ਵਿੱਚ ਸੈਨੀਟਾਈਜ਼ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਫੈਸਿਲਿਟੀਜ ਅਤੇ ਟਰਮੀਨਲਾਂ ਦੇ ਲੰਚਰੂਮਸ, ਮੇਜਾਂ, ਕਾਊਂਟਰਸ ਅਤੇ ਦਰਵਾਜਿਆਂ ਦੇ ਹੈਂਡਲਾਂ ਦੀ ਦਿਨ ਵਿੱਚ ਦੋ ਵਾਰ ਸਫਾਈ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਰੋਗਾਣੂ-ਮੁਕਤ ਕੀਤਾ ਜਾਂਦਾ ਹੈ।

ਪੀਲ ਪਬਲਿਕ ਹੈਲਥ ਦੀ ਸਲਾਹ ਨਾਲ, ਸਿਟੀ ਆਫ ਬ੍ਰੈਂਪਟਨ ਹਰ ਕਿਸੇ ਨੂੰ ਗੈਰ-ਮੈਡੀਕਲ ਮਾਸਕ ਪਹਿਣਨ ਦੀ ਸਲਾਹ ਦਿੰਦੀ ਹੈ, ਖਾਸ ਕਰਕੇ ਉਹਨਾਂ ਥਾਵਾਂ ਤੇ, ਜਿੱਥੇ ਸਰੀਰਕ ਦੂਰੀ ਰੱਖਣਾ ਮੁਸ਼ਕਲ ਹੋ ਸਕਦਾ ਹੈ। ਸਿਟੀ, ਸਵਾਰੀਆਂ ਨੂੰ ਬੇਨਤੀ ਕਰਦੀ ਹੈ ਕਿ ਜਿੱਥੇ ਸੰਭਵ ਹੋਵੇ, ਉਹ ਮਾਸਕ ਪਹਿਨ ਕੇ ਵੀ, ਟਰਮੀਨਲਾਂ ਤੇ ਅਤੇ ਬਸ ਸਟੌਪਸ ਤੇ, ਇੱਕ-ਦੂਜੇ ਤੋਂ ਘੱਟੋ-ਘੱਟ ਦੋ ਮੀਟਰ (ਛੇ ਫੁੱਟ) ਦੂਰ ਰਹਿ ਕੇ ਸਰੀਰਕ ਦੂਰੀ ਜਿਹੇ ਉਪਾਵਾਂ ਨੂੰ ਕਾਇਮ ਰੱਖਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਉਹ ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ।

ਵੀਰਵਾਰ, 2 ਜੁਲਾਈ ਤੋਂ ਸ਼ੁਰੂ ਕਰਦੇ ਹੋਏ, ਕਿਰਾਏ ਦੀ ਅਦਾਇਗੀ ਅਤੇ ਮੋਹਰਲੇ ਦਰਵਾਜੇ ਤੋਂ ਚੜ੍ਹਨਾ (ਫਰੰਟ ਡੋਰ ਬੋਰਡਿੰਗ) ਮੁੜ ਬਹਾਲ ਕੀਤਾ ਜਾਏਗਾ। ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਪੀਲ ਪਬਲਿਕ ਹੈਲਥ ਅਤੇ ਓਨਟੈਰੀਓ ਸਰਕਾਰ (Government of Ontario) ਦੀ, ਪਬਲਿਕ ਟ੍ਰਾਂਜ਼ਿਟ ਤੇ ਮਾਸਕ ਪਹਿਣਨ ਦੀ ਜ਼ੋਰਦਾਰ ਸਲਾਹ ਦੀ ਪਾਲਣਾ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਵਾਰੀਆਂ ਅਤੇ ਓਪਰੇਟਰਾਂ ਲਈ, 2 ਜੁਲਾਈ ਤੋਂ ਬੱਸਾਂ ਤੇ ਅਤੇ ਟਰਮੀਨਲਾਂ ਵਿਖੇ, ਗੈਰ-ਮੈਡੀਕਲ ਮਾਸਕ ਪਹਿਣਨਾ ਜ਼ਰੂਰੀ ਹੋਵੇਗਾ।

ਹਾਲਾਂਕਿ ਮਾਸਕ ਜ਼ਰੂਰੀ ਹੋਣਗੇ, ਪਰ ਛੋਟੇ ਬੱਚਿਆਂ ਲਈ ਜਾਂ ਅਪਾਹਜ ਲੋਕਾਂ ਲਈ ਜਾਂ ਜੋ ਲੋਕ ਹੋਰ ਮੈਡੀਕਲ ਸਥਿਤੀਆਂ ਕਾਰਨ ਮਾਸਕ ਨਹੀਂ ਪਹਿਨ ਸਕਦੇ, ਉਹਨਾਂ ਲਈ ਮਾਸਕ ਪਹਿਣਨਾ ਜ਼ਰੂਰੀ ਨਹੀਂ ਹੋਵੇਗਾ।

ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca